# ਪੰਜਾਬ ਵਿਧਾਨ ਸਭਾ ਸਕੱਤਰੇਤ

## (ਆਈ.ਟੀ.ਸ਼ਾਖਾ)

## ਕੁਟੇਸ਼ਨਾਂ ਮੰਗਵਾਉਣ ਲਈ ਨੋਟਿਸ

ਸੂਚਨਾ ਅਧੀਨ ਦੱਸਿਆ ਜਾਂਦਾ ਹੈ ਕਿ ਪੰਜਾਬ ਵਿਧਾਨ ਸਭਾ ਸਕੱਤਰੇਤ ਵਿੱਚ ਨੇਵਾ ਅਧੀਨ ਨੈਟਵਰਕ ਪੈਸਿਵ ਕੰਪੋਨੈਂਟ ਦੀ ਏ.ਐਮ.ਸੀ. ਕਰਵਾਉਣ ਲਈ ਇੱਕ ਸਾਲ ਦਾ ਠੇਕਾ ਕੀਤਾ ਜਾਣਾ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਵਿੱਚ ਨੇਵਾ ਅਧੀਨ ਵਰਤੇ ਜਾਂਦੇ ਨੈਟਵਰਕ ਪੈਸਿਵ ਕੰਪੋਨੈਂਟ (LAN & Wi-Fi Nodes ) ਦੀ ਲਿਸਟ ਹੇਠ ਦਰਸਾਏ ਅਨੁਸਾਰ ਹੈ :

| Sr. No. | Location/Floor | LAN Nodes | Wi-Fi Nodes |
|---|---|---|---|
| 01 | Basement | 66 | 10 |
| 02 | Ground Floor | 147 | 34 |
| 03 | First Floor | 110 | 17 |
| 04 | Second Floor | 152 | 19 |
| | Total | 475 | 80 |
| **Total LAN Wi-Fi Nodes and 10 Nodes for each floor** | | | **555** |

ਉਕਤ ਨੇਵਾ ਅਧੀਨ ਵਰਤੇ ਜਾਂਦੇ ਨੈਟਵਰਕ ਪੈਸਿਵ ਕੰਪੋਨੈਂਟ (LAN & Wi-Fi Nodes ) ਲਈ ਨਿਮਨ ਸ਼ਰਤਾਂ ਤੇ ਓਪਨ ਮਾਰਕੀਟ ਵਿੱਚੋਂ ਰੇਟ ਕੁਟੇਸ਼ਨਾਂ ਮੰਗਵਾਈਆ ਜਾਂਦੀਆਂ ਹਨ :

1. ਇਹ ਠੇਕਾ, ਠੇਕਾ ਸ਼ੁਰੂ ਹੋਣ ਦੀ ਮਿਤੀ ਤੋਂ ਇੱਕ ਸਾਲ ਲਈ ਹੋਵੇਗਾ।
2. ਇਹ ਏ.ਐਮ.ਸੀ. ਪੰਜਾਬ ਵਿਧਾਨ ਸਭਾ ਸਕੱਤਰੇਤ ਵਿੱਚ ਪਹਿਲਾਂ ਤੋਂ ਹੀ ਇੰਸਟਾਲ ਕੀਤੇ 555 Neva Passive Components ਸਮੇਤ ਹੇਠ ਲਿਖੇ Neva Passive Components ਨੂੰ ਵੀ ਕਵਰ ਕਰੇਗੀ:-

| Sr. No. | Description |
|---|---|
| 1. | Replace Faulty Lan Connectors |
| 2. | Replace/Reinstall existing faulty IO ports |
| 3. | Install Fresh IO Ports |
| 4. | Laying/replace of faulty wires from PC to Network Rack |
| 5. | Shifting/Extending of Connections within Branch |
| 6. | Maintain Network Rack Ensuring avoid disconnections |
| 7. | Coordinate with Network Engineer who maintain network active component for smooth & un-interrupted connectivity along with in Assembly House support |
| 8. | 500 Mtr. fresh Cat6 wire laying/installation |

3. ਲੜੀ ਨੰ: 2 ਵਿੱਚ ਦਰਜ ਕੰਮਾਂ ਨੂੰ ਹੋਰ ਸਪਸ਼ਟ ਕਰਦਿਆਂ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਕੰਮਾਂ ਲਈ ਕੰਧਾਂ ਵਿੱਚ ਝਿਰੀ(Slot/Groove) ਕਰਨ ਦਾ ਕੰਮ/ਮੁਰੰਮਤ ਆਦਿ ਵੀ ਵੈਂਡਰ ਵੱਲੋਂ ਹੀ ਕੀਤਾ ਜਾਵੇਗਾ

4. ਉੱਕਤ ਏ.ਐਮ.ਸੀ. ਵਿੱਚ ਬਾਕੀ ਰਹਿੰਦੇ Components ਜਿਵੇਂ ਕਿ (Cat6 I/O Ports, Cat6 RJ-45 Connector, Cat6 Patch cords, Cat6 UTP Cable, SMV Box, Face Plate, Patch Panel, Fibre Patch Cord, Fibre Cable, Fibre SFP Module, Wire Laying Conduct, Fibre Splice, Fibre and Pictal) ਸ਼ਾਮਿਲ ਨਹੀਂ ਹੋਣਗੇ।
5. ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਕੰਮ-ਕਾਜੀ ਦਿਨਾਂ ਵਿੱਚ ਵੈਂਡਰ ਦਾ ਇੰਜੀਨੀਅਰ ਦਫਤਰੀ ਸਮੇਂ ਦੌਰਾਨ ਰੈਜ਼ੀਡੈਂਟ ਇੰਜੀਨੀਅਰ ਵਜੋਂ ਮੌਜੂਦ ਰਹੇਗਾ ।
6. ਵੈਂਡਰ ਹਰ ਮਹੀਨੇ ਦੇ ਅਖੀਰ ਤੇ ਪੰਜਾਬ ਵਿਧਾਨ ਸਭਾ ਸਕੱਤਰੇਤ ਦੀਆਂ ਸਮੂਹ ਸ਼ਾਖਾਵਾਂ ਦੀਆਂ ਸਾਰੀਆਂ ਸ਼ਿਕਾਇਤਾਂ/ਸਰਵਿਸ ਦਾ ਰਿਕਾਰਡ ਮੇਨਟੇਨ ਕਰਕੇ ਸਿਸਟਮ ਐਨਾਲਿਸਟ ਨੂੰ ਸਬਮਿਟ ਕਰੇਗਾ ।
7. ਵੈਂਡਰ ਚੰਡੀਗੜ੍ਹ, ਮੁਹਾਲੀ ਜਾਂ ਪੰਚਕੂਲਾ (ਟ੍ਰਾਈਸਿਟੀ) ਵਿੱਚੋਂ ਹੀ ਹੋਣਾ ਚਾਹੀਦਾ ਹੈ ਅਤੇ ਉਸ ਕੋਲ ਕਿਸੀ ਵੀ ਵਿਧਾਨ ਸਭਾ ਜਾਂ ਕਿਸੇ ਸਰਕਾਰੀ ਅਦਾਰੇ ਵਿੱਚ ਉਕਤ ਕੰਮਾਂ ਸੰਬੰਧੀ ਤਜਰਬਾ ਹੋਣਾ ਚਾਹੀਦਾ ਹੈ।
8. ਜਿਹੜੇ ਵੈਂਡਰ ਦੇ ਰੇਟ ਘੱਟ ਹੋਣਗੇ, ਉਸ ਨੂੰ ਠੇਕਾ ਦੇਣ ਤੇ ਵਿਚਾਰ ਕੀਤਾ ਜਾਵੇਗਾ ।
9. ਵੈਂਡਰ ਵੱਲੋਂ ਹਾਰਡਵੇਅਰ ਸਮੇਤ ਕਿਸੀ ਪ੍ਰਕਾਰ ਦੀ ਪਰਚੇਜ਼ ਸਰਕਾਰੀ ਹੁਕਮਾਂ ਮੁਤਾਬਕ ਪੰਜਾਬ ਸਟੇਟ ਵਿੱਚੋਂ ਹੋਣੀ ਚਾਹੀਦੀ ਹੈ।

ਜਿਹੜੇ ਵੈਂਡਰ ਉਕਤ ਸ਼ਰਤਾਂ ਨਾਲ ਸਹਿਮਤ ਹੋਣ, ਉਹ ਆਪਣੀਆਂ ਕੁਟੇਸ਼ਨਾਂ ਮਿਤੀ 03 ਦਸੰਬਰ, 2024 ਨੂੰ ਸ਼ਾਮ 4.00 ਵਜੇ ਤੱਕ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਦੇ ਦਫਤਰ ਵਿੱਚ ਬੰਦ ਲਿਫਾਫੇ ਵਿੱਚ ਹਰ ਹਾਲਤ ਵਿੱਚ ਪਹੁੰਚ ਜਾਣੀਆਂ ਚਾਹੀਦੀਆਂ ਹਨ । ਨਿਰਧਾਰਿਤ ਮਿਤੀ ਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਕੁਟੇਸ਼ਨਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ।

ਇਹ ਕੁਟੇਸ਼ਨਾਂ ਮਿਤੀ 04 ਦਸੰਬਰ, 2024 ਨੂੰ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਦੇ ਦਫਤਰ ਵਿੱਚ ਖੋਲ੍ਹ ਦਿੱਤੀਆਂ ਜਾਣਗੀਆਂ । ਕੁਟੇਸ਼ਨਾਂ ਸਬੰਧੀ ਕੋਈ ਵੀ ਫੈਸਲਾ ਲੈਣ ਦਾ ਆਖਰੀ ਅਧਿਕਾਰ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਕੋਲ ਹੋਵੇਗਾ ।

ਮਿਤੀ : 25 ਨਵੰਬਰ, 2024

ਸਕੱਤਰ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ।